ਗਈ ਤੇ ਹੁਣ ਇਹ ...
'ਚ ਹੋ ਚੁੱਕੀ ਹੈ ਪਰ ਪੁਲਿਸ ਮਾਮਲੇ ਦੇ ਕਥਿਤ

ਆਦਿ ਹਾਜ਼ਰ ਸਨ।



ਸਿਖਿਆਰਥੀਆ ਨੂੰ ਨਿਯੁਕਤੀ ਪੱਤਰ ਦਿੰਦੇ ਹੋਏ ਅਧਿਕਾਰੀ ਆਰ.ਪੀ. ਲੌਗੀਆਂ, ਚੇਅਰਮੈਨ ਨਾਹਰ ਸਿੰਘ ਤੇ ਹੋਰ। ਤਸਵੀਰ : ਤੇਜਿੰਦਰ ਸਿੰਘ ਚੱਢਾ

# ਆਈ.ਟੀ.ਆਈ. ਜੱਸੋਵਾਲ (ਕੁਲਾਰ) ਵਿਖੇ ਰੁਜ਼ਗਾਰ ਮੇਲਾ ਲਗਾਇਆ

ਚੌਂਕੀਮਾਨ, 15 ਜੁਲਾਈ (ਤੇਜਿੰਦਰ ਸਿੰਘ ਚੱਢਾ)- ਸਰਕਾਰੀ ਆਈ.ਟੀ.ਆਈ. ਜੱਸੋਵਾਲ (ਕੁਲਾਰ) ਵਿਖੇ ਵਰਲਡ ਯੂਥ ਸਕਿੱਲ ਡੇ ਮੌਕੇ ਪਾਸ ਆਊਟ ਸਿੱਖਿਆਰਥੀਆ ਦਾ ਰੋਜ਼ਗਾਰ ਮੇਲਾ ਲਗਾਇਆ ਗਿਆ। ਇਸ ਮੌਕੇ ਆਈ.ਟੀ.ਆਈ. ਦੇ ਸਿੱਖਿਆਰਥੀਆ ਵੱਲੋਂ ਨਸ਼ਿਆਂ ਵਿਰੁੱਧ ਨਾਟਕ 'ਆਖਰ ਕਦੋਂ ਤੱਕ' ਖੇਡਿਆ ਗਿਆ। ਇਸ ਮੌਕੇ ਰਿਸਬ ਸਪਿਨਿੰਗ ਮਿੱਲਜ ਜੋਧਾਂ ਦੇ ਅਧਿਕਾਰੀ ਆਰ.ਪੀ. ਲੌਗੀਆਂ ਵੱਲੋਂ 14 ਸਿੱਖਿਆਰਥੀਆਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ। ਇਸ ਮੌਕੇ ਵਾਈਸ ਚੇਅਰਮੈਨ ਨਾਹਰ ਸਿੰਘ ਤੇ ਸਮੂਹ ਸਟਾਫ ਵੱਲੋਂ ਮਿੱਲਜ ਦੇ ਆਏ ਹੋਏ ਅਧਿਕਾਰੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮਨਰਾਜ ਸਿੰਘ ਰਸੂਲਪੁਰ, ਹਰਪ੍ਰੀਤ ਸਿੰਘ ਜੱਸੋਵਾਲ, ਗੁਰਪ੍ਰੀਤ ਸਿੰਘ, ਧਰਮਜੀਤ ਸਿੰਘ, ਗੁਰਮੀਤ ਸਿੰਘ, ਇੰਦਰਜੀਤ ਸਿੰਘ, ਸਿਕੰਦਰ ਸਿੰਘ, ਹਰਜਿੰਦਰ ਸਿੰਘ, ਰਵਿੰਦਰ ਸਿੰਘ ਆਦਿ ਸਮੂਹ ਸਿੱਖਿਆਰਥੀ ਹਾਜ਼ਰ ਸਨ।